**ਪ੍ਰ6. ਕਿਸੇ ਇਕ ਵਿਸ਼ੇ ਤੇ ਲੇਖ ਲਿਖੋ।** **(10)**

ਪੁਸਤਕਾਂ ਪੜ੍ਹਨ ਦੀ ਮਹੱਤਤਾ

ਦੇਸ਼ ਪਿਆਰ

ਗੁਰੂ ਗੋਬਿੰਦ ਸਿੰਘ ਜੀ

ਵਿਗਿਆਨ ਦੇ ਚਮਤਕਾਰ

**ਪ੍ਰ7.** ਘੜੱਮ ਚੌਦਰੀ ਸਮਾਜ ਵਿੱਚ ਕਿੰਨ੍ਹਾਂ-ਕਿੰਨ੍ਹਾਂ ਸਥਿਤੀਆਂ ਵਿੱਚ ਆਪਣੀ ਚੌਧਰ ਦਿਖਾਉਂਦੇ ਹਨ? **(5)**

**ਪ੍ਰ8.** ਲੇਖਕ ਖੇਡ ਲੇਖਣੀ ਵੱਲ ਕਿਵੇਂ ਪ੍ਰੇਰਿਆ ਗਿਆ? **(5)**

**ਪ੍ਰ9.** ਮੁਆਫ਼ ਕਰਨਾ ਬਹੁਤ ਵੱਡਾ ਮਨੁੱਖੀ ਗੁਣ ਹੈ ਸਪਸ਼ਟ ਕਰੋ। **(5)**

**ਪ੍ਰ10.** ਕਿਹੜੀਆਂ ਗੱਲਾਂ ਕਿਸੇ ਵਿਅਕਤੀ ਜਾਂ ਕੌਮ ਦੇ ਜਿਉਂਦੇ ਹੋਣ ਦਾ ਪ੍ਰਮਾਣ ਹਨ? **(5)**

**ਪ੍ਰ11.** ਪ੍ਰੋ: ਮੋਹਨ ਸਿੰਘ ਦੀ ਲਿਖੀ ਕਵਿਤਾ ਸਿਪਾਹੀ ਦਾ ਦਿਲ ਦਾ ਸਾਰ ਲਿਖੋ। **(7)**

**ਜਾਂ**

ਪ੍ਰਭਜੋਤ ਕੌਰ ਦੀ ਲਿਖੀ ਕਵਿਤਾ 'ਆਈ ਆਈ ਨਵੀਂ ਸਵੇਰ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਪ੍ਰ12. ਹੇਠਾਂ ਲਿਖੀਆਂ ਕਾਵਿ-ਸਤਰਾਂ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।** **(8)**

ਐਸੇ ਸੰਗੀਤ ਅੰਦਰ ਗੀਤਾਂ ਨੂੰ ਸਿਰਜਣਾ ਹੈ,
ਇਹਨਾਂ ਲੋਕ ਸਾਜ਼ਾਂ ਨੂੰ ਹਮੇਸ਼ਾਂ ਨਾਲ ਰਖਿਉ।
ਚਰਨਾਂ ਦੀ ਛੋਹ ਪ੍ਰਾਪਤ ਗੁਰੂਆਂ ਦੀ ਇਹੋ ਧਰਤੀ,
ਵੱਜਦੀ ਜੋ ਅੱਜ ਵੀ ਸੁਣਿਉ, ਸਾਂਭ ਨੇ ਰਬਾਬੁ ਰਖਿਉ।

ੳ) ਉਪਰੋਕਤ ਸੱਤਰਾਂ ਕਿਸ ਕਵਿਤਾ ਵਿੱਚੋਂ ਹਨ? ਕਵੀ ਦਾ ਨਾਂ ਵੀ ਲਿਖੋ।

ਅ) ਉਪਰੋਕਤ ਸਤਰਾਂ ਦਾ ਭਾਵ ਅਰਥ ਕੀ ਹੈ?

ੲ) ਲੋਕ ਸਾਜ਼ ਕਿਹੜੇ ਕਿਹੜੇ ਹਨ?

ਸ) ਰਬਾਬ ਕੌਣ ਵਜਾਉਂਦਾ ਹੈ?

**ਜਾਂ**

ਆਉ ਅੱਜ ਉਸ ਨੂੰ ਮਨਾਈਏ
ਪਿਅਰੀਏ ਤੇ ਰੀਝਾਈਏ
ਤੇ ਮੌਨ ਰੋਸ ਲਾਹ ਕੇ
ਸਾਡੇ ਨਾਲ ਫਿਰ ਤੋਂ ਬਾਤਾਂ ਪਾਵੇ
ਤੇ ਸਾਨੂੰ ਖੂਹਣੀਆਂ ਪੁਰਾਣੀਆਂ ਕਥਾਵਾਂ ਸੁਣਾਵੇ

ੳ) ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਹਨ? ਕਵੀ ਦਾ ਨਾਂ ਵੀ ਲਿਖੋ।

ਅ) ਉਪਰੋਕਤ ਸਤਰਾਂ ਦਾ ਭਾਵ ਕੀ ਹੈ?

ੲ) ਕਿਸਦੀ ਨਰਾਜਗੀ ਦੂਰ ਕਰਨ ਲਈ ਗੱਲ ਕੀਤੀ ਗਈ ਹੈ?

ਸ) ਕੌਣ ਸਾਨੂੰ ਕਹਾਣੀਆਂ ਤੇ ਬਾਤਾਂ ਸੁਣਾਵੇਗੀ?

**ਪ੍ਰ11.** ਰਿਸ਼ਤੇ ਨਾਟਕ ਦਾ ਵਿਸ਼ਾ ਕੀ ਹੈ? **(10)**

**ਜਾਂ**

ਪੀਤੇ ਦਾ ਸੁਭਾਅ ਆਪਣੇ ਸ਼ਬਦਾਂ ਵਿੱਚ ਲਿਖੋ।

**ਪ੍ਰ12.** ਕੀ ਤੁਸੀਂ ਸਵੇਰ ਦੀ ਸੈਰ ਜਾਂ ਕਸਰਤ ਕਰਦੇ ਹੋ? ਸਵੇਰ ਦੀ ਸੈਰ ਦੇ ਕੀ ਲਾਭ ਹਨ? ਇਸ ਬਾਰੇ ਇੱਕ ਪੈਰਾ ਲਿਖੋ। **(5)**

**FINAL EXAMINATION (16 MARCH 2016)**
**Class - XI**
**Sub: Punjabi**
**Set - A**

**ਸਮਾਂ: 3 ਘੰਟੇ** **ਕੁੱਲ ਅੰਕ: 100**

**ਪ੍ਰ1. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ:** **(10)**

ਮਨੁੱਖੀ ਜੀਵਨ ਇੱਕ ਸੰਘਰਸ਼ ਹੈ, ਜਿਸ ਵਿੱਚ ਮਨੁੱਖ ਨੂੰ ਕਰੜੀ ਘਾਲਣਾ ਘਾਲਣੀ ਪੈਂਦੀ ਹੈ। ਜੀਵਨ ਵਿੱਚ ਸਫ਼ਲਤਾ ਪੂਰਵਕ ਜਿੱਤ ਹਾਸਲ ਕਰਨ ਲਈ ਸਾਨੂੰ ਅਨੇਕਾਂ ਔਕੜਾਂ, ਮੁਸ਼ਕਲਾਂ ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੇ ਜੀਵਨ ਉਦੇਸ਼ ਤੇ ਮਿਥੀ ਹੋਈ ਮੰਜ਼ਲ ਨੂੰ ਪ੍ਰਾਪਤ ਕਰਨ ਲਈ ਸਾਨੂੰ ਕਈ ਪ੍ਰੀਖਿਆਵਾਂ ਵਿੱਚੋਂ ਲੰਘਣਾ ਪੈਂਦਾ ਹੈ। ਕਈ ਕੌੜੇ ਮਿੱਠੇ ਤਜਰਿਬਆਂ ਤੇ ਅਨੁਭਵਾਂ ਦਾ ਸੁਆਦ ਚੱਖਣਾ ਪੈਂਦਾ ਹੈ। ਕਈ ਲੋਕ ਇੰਨਾਂ ਚੁਣੌਤੀਆਂ ਦਾ ਮੁਕਾਬਲਾ ਜਿੰਦਾਦਿਲੀ ਤੇ ਧੀਰਜ ਨਾਲ ਕਰਦੇ ਹਨ। ਪਰ ਕਈ ਅਜਿਹੇ ਵੀ ਹੁੰਦੇ ਹਨ ਜੋ ਜਿੰਮੇਵਾਰੀਆਂ ਤੇ ਔਕੜਾਂ ਦਾ ਕਿਆਸ ਕਰਕੇ ਭੱਜਣ ਦੀ ਕੋਸ਼ਿਸ਼ ਕਰਦੇ ਹਨ। ਉਹ ਲੋਕ ਭਾਂਜਵਾਦੀ ਹੁੰਦੇ ਹਨ। ਜਿੰਦਗੀ ਵਿੱਚ ਨਾ ਕਿਸੇ ਦਾ ਤੇ ਨਾ ਹੀ ਆਪਣਾ ਕੁਝ ਸੰਵਾਰ ਸਕਦੇ ਹਨ। ਪਰ ਜਿੰਦਾਦਿਲੀ ਤੇ ਪੂਰਨ ਵਿਸ਼ਵਾਸ, ਹਿੰਮਤ, ਦ੍ਰਿੜਤਾ ਅਤੇ ਹੌਸਲੇ ਨਾਲ ਜੀਵਿਆ ਜੀਵਨ ਹੀ ਅਸਲ ਜੀਵਨ ਹੈ।

ਪ੍ਰ1. ਉਪਰੋਕਤ ਪੈਰੇ ਵਿੱਚ ਮਨੁੱਖੀ ਜੀਵਨ ਨੂੰ ਕੀ ਕਿਹਾ ਗਿਆ ਹੈ?
ਪ੍ਰ2. ਜੀਵਨ ਵਿੱਚ ਸਫ਼ਲਤਾ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ?
ਪ੍ਰ3. 'ਭਾਂਜਵਾਦੀ' ਕਿੰਨਾ ਨੂੰ ਕਿਹਾ ਜਾਂਦਾ ਹੈ?
ਪ੍ਰ4. 'ਕਿਆਸ' ਦਾ ਕੀ ਅਰਥ ਹੈ?
ਪ੍ਰ5. ਉਪਰੋਕਤ ਪੈਰੇ ਦਾ ਸਿਰਲੇਖ ਕੀ ਹੈ?

**ਪ੍ਰ2.** ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਜਿਸ ਵਿੱਚ ਤੁਹਾਡੇ ਇਲਾਕੇ ਦੀਆਂ ਸੜਕਾਂ ਦੀ ਮੰਦੀ ਹਾਲਤ ਬਾਰੇ ਦੱਸਿਆ ਗਿਆ ਹੋਵੇ। **(10)**

**ਜਾਂ**

ਤੁਹਾਡੇ ਇਲਾਕੇ ਵਿੱਚ ਇੱਕ ਲਾਇਬਰੇਰੀ ਖੋਲਣ ਲਈ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

**ਪ੍ਰ3.** ਦੁਕਾਨ ਦੀ ਵਿਕਰੀ ਸੰਬੰਧੀ ਕਿਸੇ ਅਖ਼ਬਾਰ ਵਿੱਚ ਭੇਜਣ ਲਈ ਇਸ਼ਤਿਹਾਰ ਤਿਆਰ ਕਰੋ। **(10)**

**ਜਾਂ**

ਤੁਹਾਡਾ ਸਕੂਟਰ ਵਿਕਾਊ ਹੈ ਇਸ ਸੰਬੰਧੀ ਕਿਸੇ ਅਖ਼ਬਾਰ ਵਿੱਚ ਭੇਜਣ ਲਈ ਇਸ਼ਤਿਹਾਰ ਤਿਆਰ ਕਰੋ।

**ਪ੍ਰ4.ੳ) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਦੇ ਵਾਕਾਂ ਵਿੱਚ ਵਰਤੋ।** **(3)**

ਸਾਖੀ ਭਰਨੀ, ਇੱਕ ਅੱਖ ਨਾਲ ਵੇਖਣਾ, ਉੱਲੂ ਸਿੱਧਾ ਕਰਨਾ, ਅੱਗ ਦੇ ਭਾਅ ਹੋਣਾ

**ਅ) ਅਖਾਣ ਪੂਰੇ ਕਰੋ।** **(2)**

1. ਸ਼ਕਲ ਮੋਮਨਾਂ ......................
2. ਕਦੇ ਬਾਬੇ ਦੀਆਂ ........................

**ਪ੍ਰ5. ਹੇਠਾਂ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ:** **(5)**

ੳ) ਮੈਂ ਕਰਾਂਗਾ ਤੇਰੀ ਸਹਾਇਤਾ ਆਪ।
ਅ) ਕਾਲੀ ਘੋੜਾ ਤੇ ਚਿੱਟੀ ਕੁੱਤਾ ਜਾ ਰਿਹਾ ਹੈ।
ੲ) ਅਸੀਂ ਨੇ ਦਿੱਲੀ ਜਾਣਾ ਹੈ।
ਸ) ਰਖੋ ਮੇਜ਼ ਉੱਤੇ ਸਾਰੀਆਂ ਚੀਜ਼ਾਂ ਤੁਸੀਂ।
ਹ) ਰੱਬ ਬੜੀ ਕਿਰਪਾ ਕੀਤੀ।

**ਪ੍ਰ6. ਕਿਸੇ ਇਕ ਵਿਸ਼ੇ ਤੇ ਲੇਖ ਲਿਖੋ।** **(10)**

ਗੁਰੂ ਤੇਗ ਬਹਦਾਰ ਜੀ

ਕੌਮੀ ਏਕਤਾ

ਭ੍ਰਿਸ਼ਟਾਚਾਰ

ਪੜ੍ਹਾਈ ਵਿੱਚ ਖੇਡਾਂ ਦਾ ਸਥਾਨ

**ਪ੍ਰ7.** ਘੜੰਮ ਚੌਦਰੀ ਨੂੰ ਗਠ ਕੁਤਰਾ ਕਿਉਂ ਕਿਹਾ ਗਿਆ ਹੈ? **(5)**

**ਪ੍ਰ8.** ਲੇਖਕ ਨੇ ਨੈਸ਼ਨਲ ਸਟੇਡੀਅਮ ਨੂੰ 'ਖਿਡਾਰੀਆਂ ਦਾ ਮੱਕਾ' ਕਿਉਂ ਕਿਹਾ ਹੈ? ਨਿਬੰਧ ਦੇ ਅਧਾਰ ਤੇ ਦੱਸੋ। **(5)**

**ਪ੍ਰ9.** ਮੁਆਫ਼ ਕਰਨ ਦੀ ਸਮਰੱਥਾ ਕਿਹੋ ਜਿਹੇ ਇਨਸਾਨਾਂ ਵਿੱਚ ਹੁੰਦੀ ਹੈ? **(5)**

**ਪ੍ਰ10.** 'ਮੂਰਖਾਂ ਤੋਂ ਮੁਆਫ਼ੀ ਮੰਗਣ ਵਿੱਚ ਸਿਆਣਪ ਹੈ' ਇਸ ਕਥਨ ਦੀ ਪੁਸ਼ਟੀ ਕਰੋ। **(5)**

**ਪ੍ਰ11.** ਪ੍ਰੋ: ਮੋਹਨ ਸਿੰਘ ਦੀ ਲਿਖੀ ਕਵਿਤਾ 'ਦੋ ਟੋਟਿਆਂ ਵਿੱਚ ਭੋਂ ਟੁੱਟੀ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। **(7)**

**ਜਾਂ**

ਪ੍ਰਭਜੋਤ ਕੌਰ ਦੀ ਲਿਖੀ ਕਵਿਤਾ 'ਧਰਤ ਧਿਆਈਏ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਪ੍ਰ12. ਹੇਠਾਂ ਲਿਖੀਆਂ ਕਾਵਿ-ਸਤਰਾਂ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।** **(8)**

ਫ਼ੌਜੀ ਬਾਜਿਆਂ ਆਣ ਘਨਘੋਰ ਪਾਈ,
ਲੱਗ ਰਿਹਾ ਏ ਡਗਾ ਨਗਾਰਿਆਂ ਨੂੰ
ਮੇਰੇ ਘੋੜੇ ਵੀ ਚੁੱਕ ਲਏ ਕੰਨ ਦੋਵੇ
ਦੇਖ ਇਹਦਿਆਂ ਖੁਰਾਂ ਫੁੰਕਾਰਿਆ ਨੂੰ।

ੳ) ਉਪਰੋਕਤ ਸੱਤਰਾਂ ਕਿਸ ਕਵਿਤਾ ਵਿੱਚੋਂ ਹਨ? ਕਵੀ ਦਾ ਨਾਂ ਵੀ ਲਿਖੋ।

ਅ) ਉਪਰੋਕਤ ਸਤਰਾਂ ਦਾ ਭਾਵ ਲਿਖੋ।

ੲ) ਘਨਘੋਰ ਪਾਈ, ਡਗਾ ਨਗਾਰਿਆਂ ਨੂੰ ਸ਼ਬਦਾਂ ਦੇ ਅਰਥ ਲਿਖੋ।

ਸ) ਉਪਰੋਕਤ ਸਤਰਾਂ ਵਿੱਚ ਕੌਣ ਕਿਸਨੂੰ ਸਮਝਾ ਰਿਹਾ ਹੈ?

**ਜਾਂ**

ਵਿਰਸੇ ਦੇ ਵਾਰਸੋ, ਤੁਸੀਂ ਵਿਰਸਾ ਸੰਭਾਲ ਰਖਿਉ
ਮਾਂ ਦੀ ਕੁੱਖ ਤੇ ਬਾਪ ਦੀ ਪੱਗ ਦਾ ਖਿਆਲ ਰਖਿਉ।
ਕਲਮਾਂ ਨੂੰ ਰੋਕਿਉ ਨਾ ਲਫ਼ਜ਼ਾਂ ਨੂੰ ਟੋਕਿਉ ਨਾ
ਜਿੰਦਾ ਜੋ ਸੋਚ ਆਪਣੀ ਹਮੇਸ਼ਾਂ ਹੀ ਨਾਲ ਰਖਿਉ।

ੳ) ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਹਨ? ਕਵੀ ਦਾ ਨਾਂ ਵੀ ਲਿਖੋ।

ਅ) ਉਪਰੋਕਤ ਸਤਰਾਂ ਦਾ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

ੲ) ਇਹ ਕਾਵਿ-ਸਤਰਾਂ ਕਿਸ ਨੂੰ ਸੰਬੋਧਤ ਹਨ?

ਸ) ਵਿਰਸੇ ਦੇ ਵਾਰਸਾਂ ਨੂੰ ਕਾਹਦੀ ਸੰਭਾਲ ਲਈ ਫਰਿਆਦ ਕੀਤੀ ਗਈ ਹੈ?

**ਪ੍ਰ11.** ਰਿਸ਼ਤੇ ਨਾਟਕ ਦਾ ਉਦੇਸ਼ ਕੀ ਹੈ? **(10)**

**ਜਾਂ**

ਮਨਿੰਦਰ ਦਾ ਸੁਭਾਅ ਆਪਣੇ ਸ਼ਬਦਾਂ ਵਿੱਚ ਲਿਖੋ।

**ਪ੍ਰ12.** ਸਾਡੇ ਦੇਸ਼ ਨੂੰ ਚੰਗੇਰਾ ਬਣਾਉਣ ਲਈ ਵੀ ਸੁਧਾਰ ਕਰਨ ਦੀ ਲੋੜ ਹੈ? ਇਸ ਬਾਰੇ ਇੱਕ ਪੈਰਾ ਲਿਖੋ। **(5)**

**FINAL EXAMINATION (16 MARCH 2016)**
**Class - XI**
**Sub: Punjabi**
**Set - B**

**ਸਮਾਂ: 3 ਘੰਟੇ** **ਕੁੱਲ ਅੰਕ: 100**

**ਪ੍ਰ1. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ:** **(10)**

ਮਨੁੱਖੀ ਜੀਵਨ ਵਿੱਚ ਵਿਦਿਆਰਥੀ ਜੀਵਨ ਮਹਤੱਵਪੂਰਨ ਭੂਮਿਕਾ ਅਦਾ ਕਰਦਾ ਹੈ। ਜ਼ਿੰਦਗੀ ਦੇ ਪੜਾਅ ਤੇ ਜਿੰਦਗੀ ਦੇ ਉਸਾਰੇ ਜਾਣ ਵਾਲੇ ਮਹੱਲ ਦੀ ਨੀਂਹ ਰੱਖੀ ਜਾਂਦੀ ਹੈ। ਜਿੰਨਾਂ ਕੋਈ ਇਸ ਬੁਨਿਆਦ ਨੂੰ ਮਜਬੂਤ ਕਰ ਲੈਂਦਾ ਹੈ, ਉਸ ਦੀ ਜਿੰਦਗੀ ਉਨੀ ਹੀ ਖੂਬਸੂਰਤ ਬਣ ਜਾਂਦੀ ਹੈ। ਪਰ ਬਹੁਤ ਸਾਰੇ ਵਿਦਿਆਰਥੀ ਜੀਵਨ ਦੇ ਇਸ ਪੜਾਅ ਨੂੰ ਨਿਰਾ ਮੌਜ ਮੇਲਾ ਤੇ ਹੱਸਣ ਖੇਡਣ ਵਾਲਾ ਮੌਕਾ ਸਮਝ ਕੇ ਇਸ ਨੂੰ ਵਿਅਰਥ ਗੁਆ ਲੈਂਦੇ ਹਨ। ਉਨ੍ਹਾਂ ਦੀ ਇਹ ਲਾਪਰਵਾਹੀ ਹੀ ਬਾਅਦ ਵਿੱਚ ਉਹਨਾਂ ਦੇ ਪਛਤਾਵੇ ਦਾ ਕਾਰਨ ਬਣਦੀ ਹੈ। ਕਿਉਂਕ ਜਿੰਦਗੀ ਦੀਆਂ ਕੌੜੀਆਂ ਹਕੀਕਤਾਂ ਦਾ ਸਾਹਮਣਾ ਕਰਨ ਲਈ ਉਹਨਾਂ ਨੂੰ ਆਪਣੇ ਆਪ ਨੂੰ ਤਿਆਰ ਕਰਨ ਦਾ ਮੌਕਾ ਹੀ ਨਹੀਂ ਮਿਲਦਾ। ਨਾ ਹੀ ਉਹ ਆਪਣੇ ਜੀਵਨ ਦਾ ਕੋਈ ਨਿਸ਼ਾਨਾ ਹੀ ਮਿਥ ਸਕਦੇ ਹੁੰਦੇ ਹਨ। ਇੱਕ ਸੂਝਵਾਨ ਵਿਦਿਆਰਥੀ ਵਿਦਿਆ ਗ੍ਰਹਿਣ ਕਰਦਾ ਹੋਇਆ ਆਪਣੀ ਸਮੁੱਚੀ ਜਿੰਦਗੀ ਨੂੰ ਵਿਕਸਤ ਕਰ ਰਿਹਾ ਹੁੰਦਾਹੈ। ਉਹ ਕਿਤਾਬੀ ਗਿਆਨ ਦੇ ਨਾਲ ਨਾਲ ਸਰਬਪੱਖੀ ਜਾਣਕਾਰੀ ਵੀ ਗ੍ਰਹਿਣ ਕਰਦਾ ਹੈ।

ਪ੍ਰ1. ਉਪਰੋਕਤ ਪੈਰ੍ਹੇ ਦਾ ਸਿਰਲੇਖ ਕੀ ਹੈ?
ਪ੍ਰ2. ਕਿਹੜੇ ਵਿਦਿਆਰਥੀਆਂ ਨੂੰ ਬਾਅਦ ਵਿੱਚ ਪਛਤਾਉਣਾ ਪੈਂਦਾ ਹੈ?
ਪ੍ਰ3. ਸੂਝਵਾਨ ਵਿਦਿਆਰਥੀ ਕਿਹੜਾ ਹੁੰਦਾ ਹੈ?
ਪ੍ਰ4. ਕਿੰਨਾਂ ਦੀ ਜਿੰਦਗੀ ਖੂਬਸੂਰਤ ਬਣ ਜਾਂਦੀ ਹੈ?

**ਪ੍ਰ2.** ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਜਿਸ ਵਿੱਚ ਤੁਹਾਡੇ ਇਲਾਕੇ ਦੀ ਬੱਸ ਸੇਵਾ ਵਧੀਆ ਨਾ ਹੋਣ ਬਾਰੇ ਲਿਖਿਆ ਗਿਆ ਹੋਵੇ। **(10)**

**ਜਾਂ**

ਤੁਹਾਡੇ ਇਲਾਕੇ ਵਿੱਚ ਕੋਈ ਸਰਕਾਰੀ ਹਸਪਤਾਲ ਨਹੀਂ ਹੈ ਇਸ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

**ਪ੍ਰ3.** ਤੁਹਾਡਾ ਪਲਾਟ ਵਿਕਾਊ ਹੈ ਇਸ ਸੰਬੰਧੀ ਕਿਸੇ ਅਖ਼ਬਾਰ ਵਿੱਚ ਭੇਜਣ ਲਈ ਇਸ਼ਤਿਹਾਰ ਤਿਆਰ ਕਰੋ। **(10)**

**ਜਾਂ**

ਤੁਹਾਡੀ ਕਾਰ ਵਿਕਾਊ ਹੈ ਇਸ ਸੰਬੰਧੀ ਕਿਸੇ ਅਖ਼ਬਾਰ ਵਿੱਚ ਭੇਜਣ ਲਈ ਇਸ਼ਤਿਹਾਰ ਤਿਆਰ ਕਰੋ।

**ਪ੍ਰ4.ੳ) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਦੇ ਵਾਕਾਂ ਵਿੱਚ ਵਰਤੋ।** **(3)**

ਸੋਹਿਲੇ ਗਾਉਣਾ, ਅਸਮਾਨ ਨਾਲ ਗੱਲਾਂ ਕਰਨੀਆਂ, ਕੌੜੀ ਵੇਲ ਵਾਂਗ ਵਧਣਾ, ਖੰਡ-ਖੀਰ ਹੋਣਾ

**ਅ) ਅਖਾਣ ਪੂਰੇ ਕਰੋ।** **(2)**

1. ਕੋਠਾ ਉਸਰਿਆਂ ......................
2. ਕੱਖਾਂ ਦੀ ਕੁੱਲੀ ........................

**ਪ੍ਰ5. ਹੇਠਾਂ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ:** **(5)**

ੳ) ਰੱਬ ਬੜੀ ਕਿਰਪਾ ਕੀਤੀ।
ਅ) ਤੁਸੀਂ ਆਪ ਨੇ ਕਦੋਂ ਆਉਣਾ ਹੈ।
ੲ) ਸ਼ੇਰ! ਦੇਖ ਮੈਂ ਘਬਰਾ ਗਿਆ।
ਸ) ਤੁਸਾਂ ਕਿਸ ਦੀ ਗੱਲ ਕਰਦੇ ਹੋ?
ਹ) ਗਾਉਂਦੀ ਹੈ ਵਧੀਆ ਕੁੜੀ।